# ਪਰਮੇਸ਼ੁਰ ਦੇ ਲੋਕਾਂ ਨੇ ਖੁਸ਼ਕ ਭੂਮੀ ਉੱਤੇ ਲਾਲ ਸਮੁੰਦਰ ਨੂੰ ਪਾਰ ਕੀਤਾ


ਪ੍ਰਾਰਥਨਾ: ''ਪਿਆਰੇ ਪ੍ਰਭੂ, ਹਰ ਇੱਕ ਬੱਚੇ ਨੂੰ ਸਿੱਖਣ ਵਿੱਚ ਮਦਦ ਕਰ ਕਿ ਤੇਰਾ ਵਚਨ ਮਨੁੱਖ ਦੇ ਵਿੱਚਾਰ ਨਹੀਂ ਹਨ, ਪਰ ਹਰ ਇਕ ਗੱਲ ਜਿਸ ਉੱਤੇ ਅਸੀਂ ਵਿਸ਼ਵਾਸ ਕਰਦੇ ਹਾਂ ਮਹਾਨ ਇਤਿਹਾਸਿਕ ਘਟਨਾਵਾਂ ਵਿੱਚੋਂ ਉਤਪੰਨ ਹੁੰਦੀ ਹੈ।''

ਬੱਚਿਆਂ ਦੇ ਸਿੱਖਣ ਵਾਲੀਆਂ ਇਨ੍ਹਾਂ ਗਤੀਵਿਧੀਆਂ ਵਿੱਚੋਂ ਕੋਈ ਇੱਕ ਚੁਣੋ।

ਕਿਸੇ ਇੱਕ ਵੱਡੇ ਬੱਚੇ ਜਾਂ ਸਿੱਖਿਅਕ ਨੂੰ ਮੂਸਾ ਦੇ ਲਾਲ ਸਮੁੰਦਰ ਪਾਰ ਕਰਨ ਬਾਰੇ ਕਹਾਣੀ ਨੂੰ ਮੂੰਹ ਜਬਾਨੀ **ਪੜ੍ਹਨ ਜਾਂ ਬਿਆਨ** ਕਰਨ ਦਿਓ। **ਕੂਚ 14 ਅਧਿਆਏ** ਦੱਸਦਾ ਹੈ ਕਿਵੇਂ ਪਰਮੇਸ਼ੁਰ ਨੇ ਮਹਾਨ ਚਮਤਕਾਰ ਕਰਕੇ ਲੋਕਾਂ ਨੂੰ ਗੁਲਾਮੀ ਤੋਂ ਅਜ਼ਾਦ ਕੀਤਾ।

ਕਹਾਣੀ ਸੁਣਾਉਣ ਤੋਂ ਬਾਅਦ, ਇਨ੍ਹਾਂ ਪ੍ਰਸ਼ਨਾਂ ਨੂੰ ਪੁੱਛੋ। (*ਹਰ ਪ੍ਰਸ਼ਨ ਦਾ ਉੱਤਰ ਉਸਦੇ ਅੱਗੇ ਦਿੱਤਾ ਗਿਆ ਹੈ।*)

- ਇਸਰਾਏਲੀਆਂ ਦੇ ਮਿਸਰ ਛੱਡ ਜਾਣ ਤੋਂ ਬਾਅਦ, ਮਿਸਰੀ ਉਨ੍ਹਾਂ ਨਾਲ ਕਿੱਥੇ ਜਾ ਮਿਲੇ? (*ਕੂਚ 14:9 ਵੇਖੋ*)
- ਇਸਰਾਏਲੀਆਂ ਦੀ ਖ਼ਾਤਿਰ ਕਿਸਨੇ ਲੜਨ ਦਾ ਵਾਅਦਾ ਕੀਤਾ? (*ਆਇਤ 14 ਵੇਖੋ*)
- ਉਸ ਰਾਤ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਮਿਸਰੀਆਂ ਤੋਂ ਕਿਵੇਂ ਵੱਖ ਕੀਤਾ? (*19-20 ਆਇਤਾਂ ਵੇਖੋ*)
- ਜਦੋਂ ਮੂਸਾ ਨੇ ਆਪਣਾ ਹੱਥ ਸਮੁੰਦਰ ਵੱਲ ਵਧਾਇਆ ਤਾਂ ਕੀ ਹੋਇਆ? (*ਆਇਤ 21*)
- ਇਸਰਾਏਲੀਆਂ ਨੇ ਲਾਲ ਸਮੁੰਦਰ ਕਿਵੇਂ ਪਾਰ ਕੀਤਾ? (*ਆਇਤ 22 ਵੇਖੋ*)
- ਮਿਸਰੀ ਸੈਨਾ ਜਿਹੜੀ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਉਨ੍ਹਾਂ ਨੂੰ ਕੀ ਹੋਇਆ? (*ਆਇਤ 28 ਵੇਖੋ*)



ਕੂਚ 14 ਅਧਿਆਏ ਵਿੱਚੋਂ ਲਾਲ ਸਮੁੰਦਰ ਪਾਰ ਕਰਨ ਦੀ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਮੰਡਲੀ ਵਿੱਚ ਅਰਾਧਨਾ ਕਰਨ ਵਾਲੇ ਮੁੱਖ ਆਗੂਆਂ ਨਾਲ ਮਿਲਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਲਈ ਪ੍ਰਬੰਧ ਕਰੋ।
- ਨਾਟਕ ਤਿਆਰ ਕਰਨ ਲਈ ਬੱਚਿਆਂ ਨਾਲ ਆਪਣਾ ਕੁਝ ਸਮਾਂ ਬਤੀਤ ਕਰੋ।

- ਤੁਹਾਨੂੰ ਸਾਰੇ ਭਾਗਾਂ ਦਾ ਪ੍ਰਯੋਗ ਕਰਨ ਦੀ ਲੋੜ ਨਹੀਂ ਹੈ
- ਵੱਡੇ ਬੱਚਿਆਂ ਨੂੰ, ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।

**ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ ਇਨ੍ਹਾਂ ਲੋਕਾਂ ਦਾ ਕਿਰਦਾਰ ਅਦਾ ਕਰਨ ਦਿਓ-

ਕਥਾਵਾਚਕ: ਕਹਾਣੀ ਦਾ ਖੁਲਾਸਾ ਕਰਨ ਵਾਲਾ ਅਤੇ ਬੱਚਿਆਂ ਨੂੰ ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ, ਯਾਦ ਰੱਖਣ ਵਿੱਚ ਮਦਦ ਕਰਨ ਵਾਲਾ।

ਮੂਸਾ: ਲਾਠੀ ਲਈ ਇਕ ਲੰਬੀ ਸੋਟੀ ਉਠਾਏ।

ਫ਼ਿਰਊਨ: ਬੋਰੀ ਨੂੰ ਉਲਟਾ ਕਰਕੇ ਆਪਣੇ ਸਿਰ ਉੱਤੇ ਪਹਿਨੇ ਜੋ ਮੁਕਟ ਨੂੰ ਪ੍ਰਦਰਸ਼ਿਤ ਕਰੇ।

ਛੋਟੇ ਬੱਚਿਆਂ ਨੂੰ ਇਨ੍ਹਾਂ ਲੋਕਾਂ ਦਾ ਕਿਰਦਾਰ ਅਦਾ ਕਰਨ ਦਿਓ:

ਮਿਸਰੀ ਸਿਪਾਹੀ: ਕੁਰਸੀਆਂ ਉੱਤੇ ਖੜੇ ਹੋਣ ਜੋ ਰਥਾਂ ਨੂੰ ਪ੍ਰਦਰਸ਼ਿਤ ਕਰਦੀਆਂ ਹਨ।

ਘੋੜੇ: ਰਥਾਂ ਦੇ ਸਾਹਮਣੇ ਆਪਣੇ ਹੱਥਾਂ ਅਤੇ ਗੋਡਿਆਂ ਭਾਰ ਝੁੱਕ ਜਾਓ। ਘੋੜਿਆਂ ਵਰਗੀ ਅਵਾਜ਼ ਕੱਢੋ।

ਇਸਰਾਏਲੀ: ਹੈਰਾਨ ਦਿਸਣ।

ਭੇਡਾਂ: ਹੱਥਾਂ ਅਤੇ ਗੋਡਿਆਂ ਭਾਰ ਚੱਲਕੇ ਭੇਡਾਂ ਵਰਗੀ ਆਵਾਜ਼ ਕਰਨ।

ਲਾਲ ਸਮੁੰਦਰ: ਹੱਥਾਂ ਨੂੰ ਉੱਚਾ ਕਰਕੇ ਉਤਾਂਹ ਰੱਖਣ ਜੋ ਪਾਣੀ ਦੀ ਕੰਧ ਨੂੰ ਪ੍ਰਦਰਸ਼ਿਤ ਕਰਨ।

ਕਥਾਵਾਚਕ: ਕੂਚ 14-1-20 ਵਿੱਚੋਂ ਕਹਾਣੀ ਦਾ ਪਹਿਲਾ ਭਾਗ ਦੱਸੇ ਅਤੇ ਕਹੇ, ''ਸੁਣੋ ਫ਼ਿਰਊਨ ਕੀ ਕਹਿੰਦਾ ਹੈ।''

ਫ਼ਿਰਊਨ: ''ਸਿਪਾਹੀਓ, ਸਾਡੇ ਇਸਰਾਏਲੀ ਗੁਲਾਮ ਭੱਜ ਗਏ ਹਨ। ਆਪਣੇ ਰਥਾਂ ਨੂੰ ਲਿਆਓ। ਉਨ੍ਹਾਂ ਦਾ ਪਿੱਛਾ ਕਰੋ!''

ਮਿਸਰੀ ਸਿਪਾਹੀ: 'ਰਥਾਂ' ਤੇ ਖੜੇ ਹੁੰਦੇ ਹਨ। ਘੋੜਿਆਂ ਨੂੰ ਛਾਂਟਾ ਮਾਰਨ ਦਾ ਢੋਂਗ ਕਰੋ। ਘੋੜਿਆਂ ਨੂੰ ਕਹੋ, ''ਛੇਤੀ ਕਰ! ਇਸਰਾਏਲੀਆਂ ਦੇ ਨਾਲ ਮਿਲ। ਉਹ ਸਮੁੰਦਰ ਦੇ ਕਿਨਾਰੇ ਫੱਸ ਗਏ ਹਨ। ਉਹ ਬਚ ਨਹੀਂ ਸਕਦੇ।''

ਇਸਰਾਏਲੀ: ਇਸ ਤਰ੍ਹਾਂ ਕਹਿ ਕੇ ਉੱਚੀ ਉੱਚੀ ਚਾਂਗਰਾਂ ਮਾਰਨ, ''ਅਸੀਂ ਫੱਸ ਗਏ ਹਾਂ!'' ''ਅਸੀਂ ਇੱਥੇ ਮਰ ਜਾਵਾਂਗੇ!'' ''ਯਹੋਵਾਹ, ਸਾਡੀ ਮਦਦ ਕਰ!''

ਭੇਡਾਂ: ਭੇਡਾਂ ਵਰਗੀ ਆਵਾਜ਼ ਕਰਨ।

ਇਸਰਾਏਲੀ: ''ਵੇਖੋ! ਪਰਮੇਸ਼ੁਰ ਦੀ ਅੱਗ ਦਾ ਥੰਮ ਸਾਡੇ ਅਤੇ ਸਿਪਾਹੀਆਂ ਵਿੱਚਕਾਰ ਚੱਲ ਰਿਹਾ ਹੈ। ਉਹ ਰਾਤ ਦੇ ਅੰਨੇਰੇ ਵਿੱਚ ਹੁਣ ਸਾਨੂੰ ਨਹੀਂ ਵੇਖ ਸਕਦੇ।''

ਕਥਾਵਾਚਕ: ਕੂਚ 14:21-31 ਵਿੱਚੋਂ ਕਹਾਣੀ ਦਾ ਦੂਜਾ ਭਾਗ ਸੁਣਾਵੇ।

ਲਾਲ ਸਮੁੰਦਰ: ਸਮੁੰਦਰ ਵਿੱਚੋਂ ਰਸਤਾ ਬਣਾਉਣ ਲਈ ਦੋ ਕਤਾਰਾਂ ਵਿੱਚ ਖੜੇ ਹੋਵੇ।

ਕਥਾਵਾਚਕ: ''ਸੁਣੋ ਮੂਸਾ ਕੀ ਕਹਿੰਦਾ ਹੈ।''

ਮੂਸਾ: ਆਪਣੀ ਲਾਠੀ ਲਾਲ ਸਮੁੰਦਰ ਵੱਲ ਕਰਕੇ ਕਹੇ, ''ਯਹੋਵਾਹ ਸਾਡੇ ਲਈ ਲੜੇਗਾ। ਵੇਖੋ ਸਮੁੰਦਰ ਦੀ ਪਹੁ ਕਿਵੇਂ ਫੱਟਦੀ ਹੈ। ਤੁਸੀਂ ਖੁਸ਼ਕ ਭੂਮੀ ਤੇ ਇਸਨੂੰ ਪਾਰ ਕਰੋਗੇ।''

ਲਾਲ ਸਮੁੰਦਰ: ਆਪਣੇ ਹੱਥ ਉੱਚੇ ਚੁੱਕ ਕੇ, ਰਸਤੇ ਤੋਂ ਆਪਣਾ ਮੂੰਹ ਪਰੇ ਕਰ ਲਵੋ।

ਇਸਰਾਏਲੀ ਅਤੇ ਭੇਡਾਂ: ਸਮੁੰਦਰ ਦੇ ਰਸਤੇ ਵਿੱਚੋਂ ਲੰਘਣ। ਦੋਵਾਂ ਪਾਸਿਆਂ ਵੱਲ ਵੇਖਣ।

ਇਸਰਾਏਲੀ ਜ਼ੋਰ ਨਾਲ ਕਹਿਣ, ''ਸਾਡੇ ਦੋਵਾਂ ਪਾਸੇ ਪਾਣੀ ਦੀ ਉੱਚੀ ਕੰਧ ਨੂੰ ਵੇਖੋ!'' ਭੇਡਾਂ, ਭੇਡਾਂ ਵਰਗੀ ਆਵਾਜ਼ ਕਰਨ।

ਫ਼ਿਰਊਨ: ''ਵੇਖੋ, ਪੌਹ ਨੇ ਸਮੁੰਦਰ ਵਿੱਚ ਰਸਤਾ ਬਣਾਇਆ ਹੈ। ਉਨ੍ਹਾਂ ਦਾ ਪਿੱਛਾ ਕਰੋ!''

ਮਿਸਰੀ ਸਿਪਾਹੀ ਅਤੇ ਘੋੜੇ: ਇਸਰਾਏਲੀਆਂ ਦੇ ਪਿੱਛੇ-ਪਿੱਛੇ ਜਾਣ। ਜਦੋਂ ਸਮੁੰਦਰ ਵਿੱਚ ਜਾਣ ਤਾਂ ਜ਼ੋਰ ਦੀ ਕਹਿਣ, ''ਇਹ ਕੀ ਹੋ ਰਿਹਾ ਹੈ?'' ''ਮੇਰੇ ਰਥ ਦਾ ਪਹੀਆ ਟੁੱਟ ਗਿਆ!'' ''ਮੇਰਾ ਰਥ ਰੁੱਕ ਗਿਆ ਹੈ!'' ''ਪਾਣੀ ਵਾਪਸ ਆ ਰਿਹਾ ਹੈ! ਅਸੀਂ ਡੁੱਬ ਜਾਵਾਂਗੇ!'' ਘੋੜੇ, ਘੋੜਿਆਂ ਵਰਗੀ ਅਵਾਜ਼ ਕਰਨ ਅਤੇ ਮਰੇ ਹੋਏ ਵਾਂਗ ਡਿੱਗ ਪੈਣ। ਮਿਸਰੀ ਸਿਪਾਹੀ ਵੀ ਇਵੇਂ ਡਿੱਗ ਪੈਣ ਜਿਵੇਂ ਮਰ ਗਏ ਹਨ।


**ਲਾਲ ਸਮੁੰਦਰ:** ਮਿਸਰੀ ਸਿਪਾਹੀਆਂ ਅਤੇ ਘੋੜਿਆਂ ਉੱਤੇ ਆ ਡਿੱਗੇ।

**ਇਸਰਾਏਲੀ:** ''ਸਾਡੇ ਯਹੋਵਾਹ ਨੇ ਸਾਨੂੰ ਮਹਾਨ ਸਮਰੱਥ ਨਾਲ ਬਚਾਇਆ ਹੈ!''

ਕਥਾਵਾਚਕ ਜਾਂ ਵੱਡੇ ਬੱਚੇ। ਜਦੋਂ ਨਾਟਕ ਖ਼ਤਮ ਹੋ ਜਾਵੇ, ਹਰ ਇਕ ਜਣੇ ਦਾ ਧੰਨਵਾਦ ਕਰਨ, ਜਿਸਨੇ ਮਦਦ ਕੀਤੀ।

ਜੇਕਰ ਬੱਚੇ, ਬਾਲਗਾਂ ਲਈ ਇਸ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਤਾਂ ਉਨ੍ਹਾਂ ਨੂੰ ਬਾਲਗਾਂ ਕੋਲੋਂ ਇਹ ਪ੍ਰਸ਼ਨ ਪੁੱਛਣ ਦਿਓ, ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ।

**ਵਿੱਚਾਰ ਵਿਮਰਸ਼:** ਬੱਚਿਆਂ ਨੂੰ ਹੋਰ ਕਈ ਤਰੀਕਿਆਂ ਦੀਆਂ ਉਦਾਹਰਣਾਂ ਬਿਆਨ ਕਰਨ ਲਈ ਕਹੋ ਜਿਨ੍ਹਾਂ ਨਾਲ ਪਰਮੇਸ਼ੁਰ ਆਪਣੇ ਲੋਕਾਂ ਨੂੰ ਬੁਰੀ ਸ਼ਕਤੀ ਤੋਂ ਬਚਾਉਂਦਾ ਹੈ।



ਰਥ ਦਾ ਚਿੱਤਰ ਬਣਾਓ। ਬੱਚਿਆਂ ਨੂੰ ਇਸਦੀ ਨਕਲ ਕਰਨ ਦਿਓ। ਉਹ ਉਨ੍ਹਾਂ ਦੁਆਰਾ ਬਣਾਏ ਗਏ ਚਿੱਤਰਾਂ ਨੂੰ ਅਗਲੇ ਅਰਾਧਨਾ ਸਮੇਂ ਦੌਰਾਨ ਵਿਖਾ ਸਕਦੇ ਹਨ ਅਤੇ ਦੱਸ ਸਕਦੇ ਹਨ ਕਿ ਇਹ ਚਿੱਤਰ ਪਰਮੇਸ਼ੁਰ ਦੀ ਸ਼ਕਤੀ ਨੂੰ ਕਿਵੇਂ ਬਿਆਨ ਕਰਦਾ ਹੈ ਕਿ ਪਰਮੇਸ਼ੁਰ ਧਰਤੀ ਉੱਤੇ ਕਿਸੇ ਵੀ ਸ਼ਕਤੀ ਨੂੰ ਹਰਾ ਸਕਦਾ ਹੈ।

ਫ਼ਿਲਿੱਪੀਆਂ 4:13 **ਯਾਦ ਕਰੋ।**

**ਕਵਿਤਾ।** ਤਿੰਨ ਬੱਚਿਆਂ ਨੂੰ ਜ਼ਬੂਰਾਂ ਦੀ ਪੋਥੀ 15:1, 2 ਅਤੇ 11 ਇਕ ਇਕ ਆਇਤ ਪੜ੍ਹਨ ਦਿਓ।

**ਵੱਡੇ ਬੱਚਿਆਂ** ਨੂੰ ਇਸ ਵਿਸ਼ੇ ਤੇ ਕਵਿਤਾਵਾਂ, ਗੀਤ ਜਾਂ ਨਾਟਕ ਲਿਖਣ ਦਿਓ ਕਿ ਕਿਵੇਂ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ, ਜਾਂ ਅੱਜ ਕਿਵੇਂ ਉਹ ਸਾਨੂੰ ਪਾਪਾਂ ਦੀ ਗੁਲਾਮੀ ਤੋਂ ਬਚਾਉਂਦਾ ਹੈ।

**ਪ੍ਰਾਰਥਨਾ:** ''ਪਿਆਰੇ ਪ੍ਰਭੂ, ਤੂੰ ਮਹਾਨ ਅਤੇ ਸ਼ਕਤੀਸ਼ਾਲੀ ਹੈਂ। ਤੂੰ ਮਿਸਰੀ ਘੋੜਿਆਂ ਅਤੇ ਉਸਦੇ ਚਾਲਕਾਂ ਨੂੰ ਸਮੁੰਦਰ ਵਿੱਚ ਸੁੱਟਿਆ। ਤੂੰ ਆਪਣੇ ਲੋਕਾਂ ਦੀ ਆਵਾਜ਼ ਸੁਣੀ ਜਿਹੜੇ ਗੁਲਾਮੀ ਵਿੱਚ ਦੁੱਖ ਉਠਾ ਰਹੇ ਸਨ ਅਤੇ ਤੂੰ ਉਨ੍ਹਾਂ ਨੂੰ ਬਚਾਇਆ। ਪ੍ਰਭੂ ਤੇਰਾ ਧੰਨਵਾਦ ਕਿ ਤੂੰ ਹਮੇਸ਼ਾ ਸਾਨੂੰ ਸੁਣਦਾ ਹੈ ਜਦੋਂ ਵੀ ਅਸੀਂ ਪ੍ਰਾਰਥਨਾ ਕਰਦੇ ਹਾਂ।''

Copyright 2004 © by Paul-Timothy. May be freely copied. Download from www.Paul-Timothy.net